# ਨਸਲੀ ਬਰਾਬਰੀ ਦੇ ਪ੍ਰੋਤਸਾਹਨ ਸੰਬੰਧੀ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਵਪਾਰ ਅਤੇ ਆਰਥਿਕ ਵਿਕਾਸ ਬਿਊਰੋ

ਵਪਾਰ ਅਤੇ ਆਰਥਿਕ ਵਿਕਾਸ ਬਿਊਰੋ (ਸੀਈਡੀਬੀ) (Commerce and Economic Development Bureau, CEDB) ਵਪਾਰ ਅਤੇ ਉਦਯੋਗ (ਜਿਨ੍ਹਾਂ ਵਿਚ ਬਾਹਰੀ ਵਪਾਰਕ ਰਿਸ਼ਤੇ ਅਤੇ ਦੇਸ਼ ਵਿਚ ਬਾਹਰੋਂ ਆਉਣ ਵਾਲੇ ਨਿਵੇਸ਼ ਦਾ ਪ੍ਰੋਤਸਾਹਨ ਸ਼ਾਮਲ ਹੈ), ਛੋਟੇ ਅਤੇ ਮੱਧਮ ਆਕਾਰ ਦੇ ਉੱਦਮਾਂ, ਬੈਲਟ ਐਂਡ ਰੋਡ ਉੱਦਮ ਵਿਚ ਹਾਂਗ ਕਾਂਗ ਦੀ ਸ਼ਮੂਲੀਅਤ ਨੂੰ ਉਤਸ਼ਾਹਤ ਕਰਨ ਲਈ, ਸੰਚਾਰ, ਪ੍ਰਸਾਰਣ, ਬੌਧਿਕ ਸੰਪਤੀ ਦੀ ਸੁਰੱਖਿਆ, ਉਪਭੋਗਤਾ ਸੁਰੱਖਿਆ, ਪ੍ਰਤੀਯੋਗਤਾ, ਫਿਲਮ ਸੈਂਸਰਸ਼ਿਪ, ਅਸ਼ਲੀਲ ਅਤੇ ਲੱਚਰ ਸਮੱਗਰੀਆਂ ਉੱਪਰ ਨਿਯੰਤਰਣ, ਕਨਵੈਨਸ਼ਨ ਅਤੇ ਪ੍ਰਦਰਸ਼ਨੀ, ਡਾਕ ਸੇਵਾਵਾਂ, ਵਪਾਰ ਸੁਵਿਧਾਵਾਂ ਅਤੇ ਸ਼ਰਾਬ ਕਾਰੋਬਾਰ, ਅਤੇ ਨਾਲ ਦੀ ਨਾਲ ਯੂਨਾਈਟਡ ਨੇਸ਼ਨਜ਼ ਸੁਰੱਖਿਆ ਕਾਊਂਸਿਲ ਦੀਆਂ ਪਾਬੰਦੀਆਂ ਉੱਪਰ ਵੱਖ-ਵੱਖ ਨੀਤੀਆਂ ਨੂੰ ਬਣਾਉਂਦਾ ਅਤੇ ਲਾਗੂ ਕਰਦਾ ਹੈ। ਵਪਾਰ ਅਤੇ ਉਦਯੋਗ ਵਿਭਾਗ, ਵਿਦੇਸ਼ਾਂ ਵਿਚਲੇ ਹਾਂਗ ਕਾਂਗ ਦੇ ਆਰਥਿਕ ਅਤੇ ਵਪਾਰ ਦਫ਼ਤਰਾਂ, ਇਨਵੈਸਟ ਹਾਂਗ ਕਾਂਗ, ਸੰਚਾਰ ਅਥਾਰਟੀ ਦੇ ਦਫ਼ਤਰ, ਰੇਡਿਓ ਟੈਲੀਵਿਜ਼ਨ ਹਾਂਗ ਕਾਂਗ, ਬੌਧਿਕ ਸੰਪਤੀ ਦੇ ਵਿਭਾਗ, ਹਾਂਗ ਕਾਂਗ ਡਾਕ ਅਤੇ ਕਸਟਮ ਅਤੇ ਐਕਸਾਇਜ਼ ਵਿਭਾਗ ਦੁਆਰਾ ਸੀਈਡੀਬੀ (CEDB) ਦੀ ਸਹਾਇਤਾ ਕੀਤੀ ਜਾਂਦੀ ਹੈ।

ਸੀਈਡੀਬੀ (CEDB) ਨਸਲੀ ਪਿਛੋਕੜ ਦੇ ਸੰਦਰਭ ਦੇ ਬਿਨਾਂ ਅਤੇ ਜਿੱਥੇ ਲਾਗੂ ਹੋਵੇ, ਵਿਭਿੰਨ ਨਸਲਾਂ ਦੇ ਲੋਕਾਂ ਦੀਆਂ ਸੇਵਾ ਸੰਬੰਧੀ ਜ਼ਰੂਰਤਾਂ ਅਤੇ ਉਨ੍ਹਾਂ ਦੀਆਂ ਹੋਰ ਖਾਸ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਪਾਅ ਕਰਨੇ ਜਾਰੀ ਰੱਖੇਗਾ ਤਾਂ ਜੋ ਸਾਰੇ ਮੈਂਬਰਾਂ ਦੁਆਰਾ ਇਸਦੀਆਂ ਸੇਵਾਵਾਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ।

ਸੀਈਡੀਬੀ (CEDB) ਦੇ ਕੰਮ ਦੇ ਬਾਰੇ ਜਾਣਕਾਰੀ ਅਤੇ ਪੁੱਛਗਿੱਛ ਲਈ ਬੇਨਤੀਆਂ

| | |
|---|---|
| ਸੰਬੰਧਤ ਸੇਵਾਵਾਂ | ਸੀਈਡੀਬੀ (CEDB) ਦੇ ਨੀਤੀਗਤ ਖੇਤਰਾਂ ਬਾਰੇ ਇਸਦੇ ਕੰਮ ਦੀ ਜਾਣਕਾਰੀ ਲੈਣ ਅਤੇ ਪੁੱਛਗਿੱਛ ਕਰਨ ਲਈ ਜਨਤਾ ਈਮੇਲ, ਫੈਕਸ, ਡਾਕ ਅਤੇ ਟੈਲੀਫ਼ੋਨ ਦੇ ਰਾਹੀਂ ਬੇਨਤੀ ਕਰ ਸਕਦੀ ਹੈ। |
| ਮੌਜੂਦਾ ਉਪਾਅ | ਸੀਈਡੀਬੀ (CEDB) ਦੇ ਕੰਮ ਬਾਰੇ ਜਾਣਕਾਰੀ ਸੀਈਡੀਬੀ (CEDB) ਦੀ ਵੈਬਸਾਇਟ (https://www.cedb.gov.hk/) ਅਤੇ ਸੰਬੰਧਤ ਸਰਕਾਰੀ ਵਿਭਾਗਾਂ ਅਤੇ ਸੰਬੰਧਤ ਜਨਤਕ ਅਦਾਰਿਆਂ ਦੀ ਵੈਬਸਾਇਟ ਉੱਪਰ ਹਾਂਗ ਕਾਂਗ ਦੀਆਂ ਦੋ ਸਰਕਾਰੀ ਭਾਸ਼ਾਵਾਂ (ਭਾਵ ਚਾਈਨੀਜ਼ ਅਤੇ ਅੰਗਰੇਜ਼ੀ) ਵਿਚ ਉਪਲੱਬਧ ਹੈ। |

| | |
|---|---|
| | ਸਾਡੀ ਪੁੱਛਗਿੱਛ ਸੰਬੰਧੀ ਸੇਵਾ ਨਸਲੀ ਪੱਖ ਤੋਂ ਨਿਰਪੱਖ ਹੈ ਅਤੇ ਜਿਸ ਤਰ੍ਹਾਂ ਪ੍ਰਾਪਤ ਕੀਤੀਆਂ ਗਈਆਂ ਪੁੱਛਗਿੱਛਾਂ ਦੀ ਭਾਸ਼ਾ ਦੇ ਅਨੁਸਾਰ ਢੁੱਕਵਾਂ ਹੋਵੇ, ਜਵਾਬ ਜਾਂ ਤਾਂ ਚਾਈਨੀਜ਼ ਜਾਂ ਅੰਗਰੇਜ਼ੀ ਭਾਸ਼ਾ ਵਿਚ ਦਿੱਤੇ ਜਾਂਦੇ ਹਨ। |
| ਭਵਿੱਖ ਦੇ ਕੰਮ ਦਾ ਮੁਲਾਂਕਣ | ਨੀਤੀਆਂ ਅਤੇ ਰਣਨੀਤੀਆਂ ਨੂੰ ਬਣਾਉਂਦੇ ਸਮੇਂ ਅਸੀਂ ਵਿਭਿੰਨ ਨਸਲ ਦੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਾਂਗੇ, ਅਤੇ ਜਦੋਂ ਜ਼ਰੂਰੀ ਹੋਵੇਗਾ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਾਡੀਆਂ ਸੇਵਾਵਾਂ ਦੀ ਸਮੀਖਿਆ ਕਰਾਂਗੇ। |
| ਉਠਾਏ ਗਏ/ਉਠਾਏ ਜਾਣ ਵਾਲੇ ਅਤਿਰਿਕਤ ਉਪਾਅ | ਵਿਭਿੰਨ ਨਸਲ ਵਾਲੇ ਲੋਕਾਂ ਤੋਂ ਪ੍ਰਾਪਤ ਜਾਣਕਾਰੀ ਸੰਬੰਧੀ ਬੇਨਤੀਆਂ ਅਤੇ ਪੁੱਛਗਿੱਛ ਨਾਲ ਸਿੱਝਦੇ ਸਮੇਂ, ਜਿਸ ਤਰ੍ਹਾਂ ਜ਼ਰੂਰੀ ਹੋਵੇਗਾ ਚਾਈਨੀਜ਼ ਜਾਂ ਅੰਗਰੇਜ਼ੀ ਤੋਂ ਇਲਾਵਾ ਦੂਜੀਆਂ ਭਾਸ਼ਾਵਾਂ ਵਿਚ ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ ਦਾ ਪ੍ਰਬੰਧ ਕੀਤਾ ਜਾਵੇਗਾ।<br><br>ਨਿਰੰਤਰ ਮੁਲਾਂਕਣ ਅਤੇ ਸੇਵਾ ਦੇ ਪ੍ਰਾਵਧਾਨ ਵਿਚ ਸੁਧਾਰ ਵਿਚ ਸਹਾਇਤਾ ਲਈ ਵਿਭਿੰਨ ਨਸਲ ਦੇ ਸੇਵਾ ਵਰਤੋਂਕਾਰਾਂ ਦੁਆਰਾ ਸੇਵਾਵਾਂ ਦੀ ਵਰਤੋਂ ਨਾਲ ਸੰਬੰਧਤ ਡਾਟਾ ਨੂੰ ਇਕੱਤਰ ਕੀਤਾ ਜਾਵੇਗਾ। |

ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠ ਲਿਖੇ ਮਾਧਿਅਮਾਂ ਰਾਹੀਂ Miss Cherry TSE, ਕਾਰਜਕਾਰੀ ਅਧਿਕਾਰੀ (ਪ੍ਰਸ਼ਾਸਨ) ਨਾਲ ਸੰਪਰਕ ਕਰੋ -

| | |
|---|---|
| ਟੈਲੀਫ਼ੋਨ: | 3655 5429 |
| ਫ਼ੈਕਸ: | 2840 1621 |
| ਈਮੇਲ: | enquiry@cedb.gov.hk |
| ਡਾਕ ਪਤਾ: | Commerce and Economic Development Bureau<br>23/F, West Wing, Central Government Offices<br>2 Tim Mei Avenue, Tamar, Hong Kong |

**ਵਪਾਰ ਅਤੇ ਆਰਥਿਕ ਵਿਕਾਸ ਬਿਊਰੋ**
**ਮਈ 2025**